ਮੰਨਜ਼ੂਰੀ ਨੰ: 10/2019-20

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ

ਡਿਪਟੀ ਕਮਿਸ਼ਨਰ
ਤਰਨਤਾਰਨ ।
ਮੀਮੋ ਨੰ 10-ਪਸਪਬ-ਡੀ.ਡੀ(ਸਜ)2019-20/3257
ਮਿਤੀ: 2/09/2019

ਵਿਸ਼ਾ:- ਸਕੀਮ ਪੀ.ਐਮ.-10 ''ਸਟੇਟ ਲੈਵਲ ਇਨੀਸੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ)'' ਅਧੀਨ ਸਾਲ 2019-20 ਦੌਰਾਨ ਜ਼ਿਲ੍ਹਾ ਤਰਨਤਾਰਨ ਦੇ ਵਿਕਾਸ ਕਾਰਜਾਂ ਲਈ 125.00 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਬਾਰੇ।

ਰਾਜਪਾਲ, ਪੰਜਾਬ ਜੀ ਸਕੀਮ ਪੀ.ਐਮ 10''ਸਟੇਟ ਲੈਵਲ ਇਨੀਸ਼ੀਏਟਿਵਜ (ਪੰਜਾਬ ਨਿਰਮਾਣ ਪ੍ਰੋਗਰਾਮ)'' ਅਧੀਨ ਸਾਲ 2019-20 ਦੌਰਾਨ ਪੱਟੀ ਸ਼ਹਿਰ, ਤਰਨਤਾਰਨ ਦੇ ਪਬਲਿਕ ਪਾਰਕ ਦੇ ਵਿਕਾਸ ਲਈ 125.00 ਲੱਖ ਰੁਪਏ (ਕੇਵਲ ਇੱਕ ਸੌ ਪੰਚੀ ਲੱਖ ਰੁਪਏ) ਸਮੇਤ ਸਪੈਸ਼ਲ ਕੰਪੋਨੈਂਟ ਪਲਾਨ ਦੀ ਰਾਸ਼ੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ:-

ਜ਼ਿਲ੍ਹਾ : ਤਰਨਤਾਰਨ (ਰਾਸ਼ੀ ਲੱਖਾਂ ਵਿੱਚ)

| ਲੜੀ ਨੰ: | ਸੰਸਥਾ | ਜਿਸ ਸੰਸਥਾ ਨੂੰ ਗਰਾਂਟ ਦੇਣੀ ਹੈ | ਮੰਤਵ | ਮੰਗ ਨੰ: 19, ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ | | ਕੁੱਲ ਜੋੜ (5+6) |
|---|---|---|---|---|---|---|
| | | | | 112 ਅੰਕੜੇ - 06.00 - 53 ਮੇਜਰ ਵਰਕਸ (ਪਲਾਨ) | 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ - 03.00 - 53 ਮੇਜਰ ਵਰਕਸ (ਪਲਾਨ) | |
| 1 | 2 | 3 | 4 | 5 | 6 | 7 |
| i | ਡਿਪਟੀ ਕਮਿਸ਼ਨਰ, ਤਰਨਤਾਰਨ । | ਕਾਰਜਕਾਰੀ ਇੰਜੀਨੀਅਰ, ਕੰਸਟਰਕਸ਼ਨ, ਡਵੀਜ਼ਨ ਨੰ: 2, ਪੀ. ਡਬਲਿਊ. ਡੀ. ਅੰਮ੍ਰਿਤਸਰ। | ਪੱਟੀ ਸ਼ਹਿਰ, ਜ਼ਿਲ੍ਹਾ ਤਰਨ ਤਾਰਨ ਦੇ ਪਬਲਿਕ ਪਾਰਕ ਦੇ ਵਿਕਾਸ ਲਈ | 85.00 | 40.00 | 125.00 |
| | | | ਕੁੱਲ ਜੋੜ | 85.00 | 40.00 | 125.00 |

2. ਇਹ ਰਾਸ਼ੀ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ:FD/FE6/ Senior Assistant 1, FE 6/CGSNO324828 ਮਿਤੀ 26-07-2019 ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ।

3. ਇਹ ਮੰਨਜ਼ੂਰੀ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

(ੳ) ਇਹ ਖਰਚਾ ਸਾਲ 2019-20 ਦੌਰਾਨ ਯੋਜਨਾਬੰਦੀ ਦੀ ਮੰਗ ਨੰ: 19, ਦੀ ਮੁੱਖ ਮੱਦ ''5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ 112 ਅੰਕੜੇ - ਐਸ.ਓ.ਈ 06.00- 53 ਮੇਜਰ ਵਰਕਸ (ਵੀ ਟੀ) (3400 ਲੱਖ ਰੁਪਏ), 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ - ਐਸ.ਓ.ਈ 03.00 - 53 ਮੇਜਰ ਵਰਕਸ (ਵੀ



Scanned by CamScanner

ਟੀ) (1600 ਲੱਖ ਰੁਪਏ) ਸਕੀਮ ਪੀ.ਐਮ 10 ''ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ).'' ਅਧੀਨ ਕੀਤਾ ਜਾਵੇਗਾ।

ਅ) **ਕਾਰਜਕਾਰੀ ਏਜੰਸੀ ਨੂੰ ਕੁਲ ਮੰਨਜੂਰ 125.00 ਲੱਖ ਰੁਪਏ ਦੀ ਰਾਸ਼ੀ ਵਿਚੋਂ 62.50 ਲੱਖ ਰੁਪਏ ਦੀ ਰਾਸ਼ੀ(50 ਪ੍ਰਤੀਸ਼ਤ) ਉਪਰੋਕਤ ਕੰਮਾਂ ਸਬੰਧੀ ਟੈਂਡਰ ਅਲਾਟ ਹੋਣ ਤੋਂ ਬਾਦ ਜਾਰੀ ਕੀਤੀ ਜਾਵੇਗੀ।**

ੲ) ਇਹ ਖਰਚਾ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਫੰਡਾਂ ਦੀ ਵਰਤੋਂ ਸਬੰਧੀ ਮਿਤੀ 11/01/2006 ਅਤੇ ਸਮੇਂ ਸਮੇਂ ਜਾਰੀ ਕੀਤੀਆਂ ਅਗਵਾਈ ਲੀਹਾਂ ਅਨੁਸਾਰ ਕੀਤਾ ਜਾਵੇਗਾ।

ਸ) ਇਹ ਖਰਚਾ ਉਪਰ ਦਰਜ ਕੰਮਾਂ ਅਤੇ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਨੂੰ ਭੇਜੇ ਤਖਮੀਨੇ ਅਤੇ ਵਿਕਾਸ ਕਾਰਜਾਂ ਦੀ ਡਿਟੇਲ ਅਨੁਸਾਰ ਹੀ ਕੀਤਾ ਜਾਵੇਗਾ। ਜੇਕਰ ਇਹਨਾਂ ਕਾਰਜਾਂ ਵਿੱਚ ਲੋੜੀਦੀ ਸੋਧ ਕਰਵਾਉਣੀ ਹੋਵੇ ਤਾਂ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਰਾਹੀ ਪਹੁੰਚ ਕੀਤੀ ਜਾਵੇ।

(ਹ) ਕੀਤੇ ਜਾਣ ਵਾਲੇ ਕੰਮਾਂ ਦੀ ਪ੍ਰਗਤੀ ਰਿਪੋਰਟ ਅਤੇ ਵਰਤੋਂ ਸਰਟੀਫਿਕੇਟ ਸਬੰਧਤ ਡਿਪਟੀ ਕਮਿਸ਼ਨਰ ਵਲੋਂ ਮੁਹੱਈਆ ਕਰਵਾਏ ਜਾਣਗੇ।

(ਕ) ਸਬੰਧਤ ਡਿਪਟੀ ਕਮਿਸ਼ਨਰ ਜਾਰੀ ਕੀਤੇ ਫੰਡਾਂ ਅਤੇ ਇਨ੍ਹਾਂ ਦੀ ਵਰਤੋਂ ਬਾਰੇ ਪੂਰਾ ਅਤੇ ਠੀਕ ਰਿਕਾਰਡ ਰੱਖਣ ਲਈ ਜਿੰਮੇਵਾਰ ਹੋਣਗੇ।

(ਖ) ਜਿੱਥੇ ਜ਼ਰੂਰੀ ਹੋਵੇ, ਰਾਸ਼ੀ ਜਾਰੀ ਕਰਨ ਤੋਂ ਪਹਿਲਾਂ ਲਾਗਤ ਦੇ ਤਖ਼ਮੀਨੇ ਅਧਿਕਾਰਤ ਅਥਾਰਟੀ ਤੋਂ ਪ੍ਰਵਾਨ ਕਰਵਾਏ ਜਾਣ।

(ਗ) ਖਰਚੇ ਨੂੰ ਮਹਾਂ ਲੇਖਾਕਾਰ, ਪੰਜਾਬ ਦੇ ਦਫਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ।

(ਘ) ਸਬੰਧਤ ਏਜੰਸੀ ਵਲੋ ਇਸ ਰਾਸ਼ੀ ਦੇ ਡੀ.ਸੀ. ਬਿਲ ਏ.ਜੀ.ਪੰਜਾਬ ਨੂੰ ਭੇਜਣੇ ਯਕੀਨੀ ਬਣਾਏ ਜਾਣ ਅਤੇ ਇਸ ਦੀ ਸੂਚਨਾ ਯੋਜਨਾਬੰਦੀ ਵਿਭਾਗ ਨੂੰ ਵੀ ਭੇਜੀ ਜਾਵੇ।

ਜਸਪਾਲ ਸਿੰਘ

ਮਿਤੀ:30-08-2019 ਪ੍ਰਮੁੱਖ ਸਕੱਤਰ ਯੋਜਨਾ

ਪਿੱਠ ਅੰਕਣ 10-ਪਸਪਬ-ਡੀ.ਡੀ(ਸਯ)2019-20/ 3248 ਮਿਤੀ: 2-09-2019

ਇਸ ਦਾ ਇਕ ਉਤਾਰਾ ਸਕੱਤਰ/ਵਿੱਤ ਤੇ ਯੋਜਨਾ ਮੰਤਰੀ, ਪੰਜਾਬ ਨੂੰ ਉਨ੍ਹਾਂ ਦੇ ਡਾਇਰੀ/ਡਿਸਪੈਚ ਨੰ:535 ਮਿਤੀ 27-08-2019 ਦੇ ਸਬੰਧ ਵਿਚ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿੱਠ ਅੰਕਣ 10-ਪਸਪਬ-ਡੀ.ਡੀ(ਸਯ)2019-20/ 3249 ਮਿਤੀ: 2-09-2019

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਯੋਜਨਾ



Scanned by CamScanner

ਪਿੱਠ ਅੰਕਣ 10-ਪਸਪਬ-ਡੀ.ਡੀ(ਸਜ)2019-20/ 3250-3257 ਮਿਤੀ: 2-09-2019

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ ਵਿੱਤ, ਵਿੱਤ ਵਿਭਾਗ, ਪੰਜਾਬ।
2. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸਡਿਊਲਡ ਕਾਸਟਸ ਸਬ ਪਲਾਨ, ਭਲਾਈ ਵਿਭਾਗ, ਸੈਕਟਰ 17, ਚੰਡੀਗੜ੍ਹ।
4. ਮਹਾਂਲੇਖਾਕਾਰ(ਏ ਐਂਡ ਈ), ਪੰਜਾਬ, ਚੰਡੀਗੜ੍ਹ।
5. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
6. ਵਧੀਕ ਡਿਪਟੀ ਕਮਿਸ਼ਨਰ(ਵਿਕਾਸ),ਜ਼ਿਲ੍ਹਾ ਤਰਨਤਾਰਨ।
7. ਡਿਪਟੀ ਕੰਟਰੋਲਰ(ਐਫ ਐਂਡ ਏ), ਅੰਦਰੂਨੀ ਆਡਿਟ ਸੰਸਥਾ, ਜ਼ਿਲ੍ਹਾ ਤਰਨਤਾਰਨ।
8. ਜ਼ਿਲ੍ਹਾ ਖਜ਼ਾਨਾ ਅਫ਼ਸਰ, ਜ਼ਿਲ੍ਹਾ ਤਰਨਤਾਰਨ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ: 10-ਪਸਪਬ-ਡੀ.ਡੀ(ਸਜ)2019-20/ 3258 ਮਿਤੀ: 2-09-2019

ਇਸ ਦਾ ਇੱਕ ਉਤਾਰਾ ਉਪ ਅਰਥ ਤੇ ਅੰਕੜਾ ਸਲਾਹਕਾਰ, ਜ਼ਿਲ੍ਹਾ ਤਰਨਤਾਰਨ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਰਾਸ਼ੀ ਉਹਨਾਂ ਕੰਮਾਂ ਤੇ ਹੀ ਖਰਚ ਕਰਨੀ ਯਕੀਨੀ ਬਣਾਈ ਜਾਵੇ ਜਿਹੜੇ ਕੰਮਾਂ ਦੀ ਡਿਟੇਲ ਪਿਛਲੇ ਪੰਨੇ ਤੇ ਦਰਜ ਹੈ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ: 10-ਪਸਪਬ-ਡੀ.ਡੀ(ਸਜ)2019-20/ 3259 ਮਿਤੀ: 2-09-2019

ਇਸ ਦਾ ਇੱਕ ਉਤਾਰਾ ਪ੍ਰੋਗਰਾਮਰ, ਪੰਜਾਬ ਰਾਜ ਯੋਜਨਾ ਬੋਰਡ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸੈਕਸ਼ਨ ਨੂੰ ਨਿਰਧਾਰਤ ਹੈਡ ਵਿੱਚ ਅਪਲੋਡ ਕਰਦੇ ਹੋਏ ਇਸ ਸ਼ਾਖਾ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ ਅਤੇ ਇਸ ਸੈਕਸ਼ਨ ਨੂੰ ਪੰਜਾਬ ਰਾਜ ਯੋਜਨਾ ਬੋਰਡ ਦੀ ਵੈਬ ਸਾਈਟ ਤੇ ਵੀ ਅਪਲੋਡ ਕੀਤਾ ਜਾਵੇ।

ਡਾਇਰੈਕਟਰ ਯੋਜਨਾ



Scanned by CamScanner